# ਸੋਹਣ ਸਿੰਘ ਸੀਤਲ ਦੇ ਨਾਵਲ 'ਧਰਤੀ ਦੇ ਦੇਵਤੇ' ਦਾ ਸਮਾਜ ਭਾਸ਼ਾ ਵਿਗਿਆਨਕ ਅਧਿਐਨ

ਇਸ ਖੋਜ-ਪੱਤਰ ਦਾ ਮੰਤਵ ਸਮਾਜ ਭਾਸ਼ਾ ਵਿਗਿਆਨ ਦੇ ਪਰਿਪੇਖ ਵਿਚ ਸੋਹਣ ਸਿੰਘ ਸੀਤਲ ਦੇ ਨਾਵਲ 'ਧਰਤੀ ਦੇ ਦੇਵਤੇ' ਦਾ ਅਧਿਐਨ ਪੇਸ਼ ਕਰਨਾ ਹੈ। ਸਮਾਜ ਭਾਸ਼ਾ ਵਿਗਿਆਨ ਨੂੰ ਬੁਨਿਆਦੀ ਤੌਰ 'ਤੇ ਭਾਸ਼ਾ ਵਿਗਿਆਨ ਦੀ ਇਕ ਖੇਤਰੀ ਵਿਧੀ ਮੰਨਿਆ ਗਿਆ ਹੈ। ਸਮਾਜ ਭਾਸ਼ਾ ਵਿਗਿਆਨ ਦਾ ਸਬੰਧ ਸਮਾਜ ਵਿਚ ਭਾਸ਼ਾ ਦੀ ਵਰਤੋਂ ਨਾਲ ਸੰਬੰਧਿਤ ਹੁੰਦਾ ਹੈ ਕਿ ਕੋਈ ਭਾਸ਼ਾਈ ਸਮਾਜ ਭਾਸ਼ਾ ਦੀ ਕਿਸ ਸੰਦਰਭ ਵਿਚ ਵਰਤੋਂ ਕਰਦਾ ਹੈ। ਸਮਾਜ ਭਾਸ਼ਾ ਵਿਗਿਆਨੀ ਕਿੱਤਾ, ਆਰਥਿਕਤਾ, ਉਮਰ, ਧਰਮ, ਵਿੱਦਿਆ, ਜਾਤੀ, ਲਿੰਗ, ਖੇਤਰ (ਪੇਂਡੂ ਸ਼ਹਿਰੀ) ਆਦਿ ਨੂੰ ਭਾਸ਼ਾਈ ਵਖਰੇਵਿਆਂ ਦਾ ਕਾਰਨ ਮੰਨਦੇ ਹਨ। ਇਸ ਤੋਂ ਇਲਾਵਾ ਜਦੋਂ ਕੋਈ ਭਾਸ਼ਾ ਕਿਸੇ ਦੂਜੀ ਭਾਸ਼ਾ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਵੀ ਭਾਸ਼ਾਈ ਵਖਰੇਵੇਂ ਪੈਦਾ ਹੁੰਦੇ ਹਨ। ਇਸੇ ਹੀ ਪਰਿਪੇਖ ਵਿਚ ਅਸੀਂ ਸੋਹਣ ਸਿੰਘ ਸੀਤਲ ਦੇ ਨਾਵਲ 'ਧਰਤੀ ਦੇ ਦੇਵਤੇ' ਦੇ ਸਮਾਜ ਭਾਸ਼ਾ ਵਿਗਿਆਨਕ ਸਰੋਕਾਰਾਂ ਦੀ ਚਰਚਾ ਕਰਾਂਗੇ।

'ਧਰਤੀ ਦੇ ਦੇਵਤੇ' ਨਾਵਲ ਸਾਂਝੀ ਵਾਹੀ ਦੀ ਸਕੀਮ ਦੇ ਅੰਤਰਗਤ ਮੱਧਵਰਗੀ ਅਤੇ ਨਿਮਨ ਕਿਰਸਾਨੀ ਦੀ ਦੁਰਦਸ਼ਾ ਨੂੰ ਖ਼ਤਮ ਕਰਨ ਨਾਲ ਸੰਬੰਧਿਤ ਹੈ। ਨਾਵਲ ਵਿਚ ਮੁੱਖ ਕਿੱਤਾ ਖੇਤੀਬਾੜੀ ਪੇਸ਼ ਹੋਇਆ ਹੈ। ਇਸ ਤੋਂ ਇਲਾਵਾ ਵਾਣ-ਵੱਟਣਾ, ਪਾਵਰ-ਲੂਮਜ਼, ਸਾਂਝੀ ਦੁਕਾਨ, ਅਨਾਜ ਘਰ ਆਦਿ ਸਹਾਇਕ ਧੰਦੇ ਰੂਪਮਾਨ ਹੋਏ ਹਨ।

ਨਾਵਲ ਵਿਚਲੀ ਕਹਾਣੀ ਦੀ ਸ਼ੁਰੂਆਤ ਗਿਆਨ ਸਿੰਘ ਦੁਆਰਾ 'ਨਵੇਂ ਪਿੰਡ' ਵਿਚ ਆਉਣ ਤੇ ਹਰੀ ਸਿੰਘ ਦਾ ਗੱਡਾ ਇਕ ਖੱਡੇ ਵਿਚੋਂ ਕੱਢਣ ਸੰਬੰਧੀ ਸਹਾਇਤਾ ਕਰਕੇ ਉਸਨੂੰ ਪ੍ਰਭਾਵਿਤ ਕਰਨ ਰਾਹੀਂ ਹੁੰਦੀ ਹੈ। ਗਿਆਨ ਸਿੰਘ ਕਰਦਾ ਹੈ। ਉਸ ਨੂੰ ਸਾਂਝੀ ਵਾਹੀ ਦੀ ਸਕੀਮ ਬਾਰੇ ਜਾਣਕਾਰੀ ਮੁਹੱਈਆ ਕਰਵਾ ਕੇ ਉਸ ਤੋਂ ਹੁੰਦੇ ਲਾਭਾਂ ਬਾਰੇ ਜਾਗਰੂਕ ਕੀਤਾ। ਗਿਆਨ ਸਿੰਘ ਅਤੇ ਉਸਦੀ ਪਤਨੀ ਪ੍ਰਕਾਸ਼ ਦਾ 'ਨਵੇਂ ਪਿੰਡ' ਵਿਚ ਪ੍ਰਵੇਸ਼ ਪਿੰਡ ਦੀ ਹਾਲਤ ਸੁਧਾਰਨ ਵਿਚ ਲਾਹੇਵੰਦ ਸਾਬਿਤ ਹੁੰਦਾ ਹੈ।

ਗਿਆਨ ਸਿੰਘ ਸਭ ਤੋਂ ਪਹਿਲਾਂ ਪਿੰਡਾਂ ਦੀਆਂ ਵਿੰਗੀਆਂ-ਟੇਢੀਆਂ ਵੱਟਾਂ ਦੀ ਨਿਸ਼ਾਨਦੇਹੀ ਕਰਕੇ ਕਿੱਲੇ-ਬੰਦੀ ਕਰਵਾਉਣ ਦਾ ਕਾਰਜ ਕਰਦਾ ਹੈ। ਇਸ ਉਪਰੰਤ ਉਹ ਪਿੰਡ ਦੇ ਲੋਕਾਂ ਨੂੰ 'ਸਾਂਝੀ ਵਾਹੀ' ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦਾ ਹੈ ਕਿ ਜੇਕਰ ਸਾਂਝੀ ਵਾਹੀ ਦੀ ਸਕੀਮ ਦੇ ਅੰਤਰਗਤ 20-25 ਘਰ ਮਿਲ ਕੇ ਸਾਂਝੀ ਸੁਸਾਇਟੀ ਬਣਾ ਲੈਂਦੇ ਹਨ ਤਾਂ ਸਾਂਝੇ ਫਾਰਮ ਵਿਚ ਆਪਣੀ ਭੋਇੰ ਸ਼ਾਮਿਲ ਕਰਨ ਵਾਲਾ ਹਰੇਕ ਕਿਰਸਾਨ ਸੁਸਾਇਟੀ ਦਾ ਮੈਂਬਰ ਬਣ ਜਾਂਦਾ

ਹੈ। ਭੋਇੰ ਦੇ ਹੱਕਦਾਰ ਮਾਲਕ ਆਪ ਰਹਿੰਦੇ ਹਨ। ਕਿਸੇ ਮਾਲਕ ਦੀ ਜਿੰਨੀ ਭੋਇੰ ਹੁੰਦੀ ਹੈ ਉਸ ਹਿਸਾਬ ਨਾਲ ਹੀ ਉਸਨੂੰ ਹਿੱਸਾ ਦਿੱਤਾ ਜਾਂਦਾ ਹੈ। ਇਸ ਸੰਬੰਧੀ ਸਰਕਾਰ ਵੀ ਕਿਰਸਾਨਾਂ ਨੂੰ ਥੋੜੇ ਵਿਆਜ਼ ਉਤੇ ਕਰਜ਼ਾ ਦਿੰਦੀ ਹੈ।

ਗਿਆਨ ਸਿੰਘ ਦੀ ਪ੍ਰੇਰਨਾ ਸਦਕਾ ਸਭ ਤੋਂ ਪਹਿਲਾਂ ਦੋ ਪੱਤੀਆਂ ਦੇ 27 ਘਰ ਮਿਲ ਕੇ ਕੋ-ਆਪਰੇਟਿਵ ਸੁਸਾਇਟੀ ਬਣਾਉਂਦੇ ਹਨ। ਜਿਸਦਾ ਨਾਂ 'ਸਾਂਝੀ ਸਹਿਕਾਰੀ ਸਭਾ' ਰੱਖਿਆ ਜਾਂਦਾ ਹੈ। ਪਿੰਡ ਦੇ ਮਰਦ ਅਤੇ ਔਰਤ ਵੱਧ ਤੋਂ ਵੱਧ ਮਿਹਨਤ ਕਰਕੇ ਆਰਥਿਕ ਹਾਲਤ ਸੁਧਾਰਨ ਵਿਚ ਕਾਮਯਾਬ ਹੁੰਦੇ ਹਨ। ਸ਼ੇਰ ਸਿੰਘ (70 ਸਾਲ) ਖੇਤਾਂ ਵਿਚ ਸਖ਼ਤ ਮਿਹਨਤ ਕਰਕੇ ਨੌਜਵਾਨਾਂ ਦੇ ਹੌਂਸਲੇ ਬੁਲੰਦ ਕਰਦਾ ਹੈ। ਪ੍ਰਕਾਸ਼ ਇਕ ਅਧਿਆਪਿਕਾ ਹੋਣ ਕਰਕੇ ਪੇਂਡੂ ਲੋਕਾਂ ਵਿਚਲੀ ਅਨਪੜ੍ਹਤਾ ਨੂੰ ਦੂਰ ਕਰਨ ਲਈ ਵਿੱਦਿਅਕ ਸਹੂਲਤਾਂ ਮੁਹੱਈਆ ਕਰਵਾਉਂਦੀ ਹੈ। ਪਿੰਡ ਦੇ ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਪਾਤਰ ਵੀ ਸਿੱਖਿਆ ਪ੍ਰਾਪਤ ਕਰਦੇ ਹਨ। ਪਤਨੀ-ਪਤਨੀ (ਗਿਆਨ ਸਿੰਘ ਤੇ ਪ੍ਰਕਾਸ਼) ਦੇ ਸਹਿਯੋਗ ਸਦਕਾ ਪਿੰਡ ਦੇ ਲੋਕ ਵਾਣ-ਵੱਟਣਾ, ਡੇਅਰੀ, ਕੱਪੜਾ ਉਣਨਾ ਆਦਿ ਕਿੱਤੇ ਅਪਣਾ ਕੇ ਆਰਥਿਕਤਾ ਨੂੰ ਮਜ਼ਬੂਤ ਕਰਦੇ ਹਨ।

ਸਹਿਕਾਰੀ ਸਭਾ ਦੁਆਰਾ ਕੀਤੀ ਗਈ ਤਰੱਕੀ ਤੋਂ ਪ੍ਰਭਾਵਿਤ ਹੋ ਕੇ ਪਿੰਡ ਦੀਆਂ ਦੂਜੀਆਂ ਪੱਤੀਆਂ ਅਤੇ ਹੋਰ ਆਲੇ-ਦੁਆਲੇ ਦੇ ਇਲਾਕੇ ਵਿਚ ਸਾਂਝੀਆਂ ਸੁਸਾਇਟੀਆਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ। ਚੰਗੇ ਬੀਜ਼ਾਂ ਅਤੇ ਖਾਦਾਂ ਦੁਆਰਾ ਖੇਤੀ ਉਪਜ ਵਿਚ ਤਾਂ ਵਾਧਾ ਹੁੰਦਾ ਹੀ ਹੈ, ਨਾਲ ਹੀ ਸਹਾਇਕ ਧੰਦਿਆਂ ਦੀ ਵਹਿਲੇ ਸਮੇਂ ਵਿਚ ਕੀਤੀ ਵਰਤੋਂ ਦੇ ਅੰਤਰਗਤ ਪਾਤਰਾਂ ਦੀ ਆਰਥਿਕ ਹਾਲਤ ਸੁਧਰਦੀ ਹੈ ਅਤੇ ਜੀਵਨ ਢੰਗ ਵੀ ਸੁਚੱਜਾ ਬਣਦਾ ਹੈ। ਦੋ ਸਾਲਾਂ ਦੇ ਅੰਦਰ ਨਵੇਂ ਪਿੰਡ ਵਿਚ ਸ਼ਹਿਰੀ ਮਕਾਨਾਂ ਵਰਗੇ ਮਕਾਨ ਉਸਾਰੇ ਜਾਂਦੇ ਹਨ।

'ਨਮੂਨੇ ਦਾ ਪਿੰਡ' ਬਣਨ ਉਪਰੰਤ ਚਾਰੋ ਸੁਸਾਇਟੀਆਂ ਦੁਆਰਾ ਮਿਲ ਕੇ ਕੀਤੇ ਗਏ ਸਮਾਗਮ ਵਿਚ ਪੰਜਾਬ ਦਾ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ, ਭਾਰਤ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਐਸ.ਪੀ. ਡਿਪਟੀ ਕਮੀਸ਼ਨਰ ਆਉਂਦੇ ਹਨ। ਪਿੰਡ ਦੀ ਤਰੱਕੀ ਸੰਬੰਧੀ ਬਣਾਈ ਗਈ ਇਕ ਫ਼ਿਲਮ ਆਏ ਮਹਿਮਾਨਾਂ ਅਤੇ ਸਮੂਹ ਸੰਗਤ ਨੂੰ ਵਿਖਾਈ ਜਾਂਦੀ ਹੈ। ਇਸ ਨਮੂਨੇ ਦੇ ਪਿੰਡ ਨੂੰ ਸਰਕਾਰ ਵਲੋਂ 10,000 ਰੁਪਿਆ ਇਨਾਮ ਦਿੱਤਾ ਜਾਂਦਾ ਹੈ। ਗਿਆਨ ਸਿੰਘ ਨੂੰ 'ਸ੍ਰੀ ਪਦਮ' ਦੀ ਉਪਾਧੀ ਅਤੇ 25,000 ਦਾ 'ਗਾਂਧੀ ਪ੍ਰਾਈਜ਼' ਦਿੱਤਾ ਜਾਂਦਾ ਹੈ।

'ਧਰਤੀ ਦੇ ਦੇਵਤੇ' ਨਾਵਲ ਵਿਚ ਬੱਚੇ, ਨੌਜਵਾਨ ਅਤੇ ਬਜ਼ੁਰਗ ( ਗਿਆਨ ਸਿੰਘ ਪ੍ਰਕਾਸ਼, ਸ਼ੇਰ ਸਿੰਘ, ਹਰੀ ਸਿੰਘ, ਮਾਈ ਆਸ ਕੌਰ ਆਦਿ।) 109 ਪਾਤਰ ਪੇਸ਼ ਹੋਏ ਹਨ। ਇਹ ਪਾਤਰ ਪੜ੍ਹੀ-ਲਿਖੀ ਅਤੇ ਅਨਪੜ੍ਹ ਸ਼੍ਰੇਣੀ ਨਾਲ

ਸੰਬੰਧਿਤ ਹਨ। ਨਾਵਲ ਵਿਚ ਮੁੱਖ ਕਿੱਤਾ ਖੇਤੀਬਾੜੀ ਪੇਸ਼ ਕੀਤਾ ਗਿਆ ਹੈ। ਜਿਸ ਨੂੰ ਸਾਂਝੀ ਵਾਹੀ ਦੀ ਸਕੀਮ ਦੇ ਅੰਤਰਗਤ ਪ੍ਰਫੁੱਲਿਤ ਕੀਤਾ ਗਿਆ ਹੈ। ਨਾਵਲ ਦੇ ਸਾਰੇ ਪਾਤਰ ਮਾਝੀ ਉਪਭਾਸ਼ਾ ਦੀ ਵਰਤੋਂ ਕਰਦੇ ਹਨ। ਪਾਤਰਾਂ ਦੁਆਰਾ ਵਰਤੀ ਗਈ ਉਪਭਾਸ਼ਾ ਦੇ ਅਧਾਰ ਤੇ ਹੀ ਭਾਸ਼ਾਈ ਵਖਰੇਵੇਂ ਸਾਕਾਰ ਹੁੰਦੇ ਹਨ। ਸਾਡਾ ਮੰਤਵ ਇਸ ਨਾਵਲ ਦੁਆਰਾ ਇਹਨਾਂ ਵਖਰੇਵਿਆਂ ਨੂੰ ਉਜਾਗਰ ਕਰਨਾ ਹੈ। ਇਹਨਾਂ ਭਾਸ਼ਾਈ ਵਖਰੇਵਿਆਂ ਨੂੰ ਸਪੱਸ਼ਟ ਕਰਨ ਲਈ ਸਮਾਜ ਭਾਸ਼ਾ ਵਿਗਿਆਨਕ ਸਰੋਕਾਰਾਂ ਨੂੰ ਅਧਾਰ ਬਣਾਇਆ ਗਿਆ ਹੈ। ਇਸ ਖੋਜ-ਪੱਤਰ ਵਿਚ 'ਧਰਤੀ ਦੇ ਦੇਵਤੇ' ਨਾਵਲ ਦਾ ਕਿੱਤਾ, ਉੱਮਰ, ਆਰਥਿਕਤਾ, ਵਿੱਦਿਆ, ਜਾਤੀ ਅਤੇ ਲਿੰਗ ਦੇ ਅਧਾਰ ਤੇ ਸਮਾਜ ਭਾਸ਼ਾ ਵਿਗਿਆਨਕ ਅਧਿਐਨ ਕੀਤਾ ਗਿਆ ਹੈ।

**ਕਿੱਤਾ ਅਧਾਰਿਤ ਭਾਸ਼ਾਈ ਵਖਰੇਵੇਂ** :

ਕਿਸੇ ਕਿੱਤੇ ਦੀ ਆਪਣੀ ਤਕਨੀਕੀ ਸ਼ਬਦਾਵਲੀ ਹੁੰਦੀ ਹੈ। ਇਹ ਸ਼ਬਦਾਵਲੀ ਉਸ ਕਿੱਤੇ ਨਾਲ ਸੰਬੰਧਿਤ ਲੋਕਾਂ ਦੀ ਭਾਸ਼ਾ ਨੂੰ ਵਿਸ਼ੇਸ਼ ਰੰਗਣ ਦਿੰਦੀ ਹੈ। ਆਤਮ ਸਿੰਘ ਕਿੱਤਿਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦਾ ਹੈ। "ਪਰੰਪਰਾਮਈ ਅਤੇ ਗੈਰ-ਪਰੰਪਰਾਮਈ।" ਸਮਾਜ ਦੇ ਕੁਝ ਵਰਗ ਪਰੰਪਰਾਗਤ ਕਿੱਤੇ ਅਪਣਾਉਂਦੇ ਹਨ ਅਤੇ ਕੁਝ ਗੈਰ-ਪਰੰਪਰਾਗਤ ਕਿੱਤੇ ਅਪਣਾ ਕੇ ਰੋਜ਼ੀ-ਰੋਟੀ ਕਮਾਉਂਦੇ ਹਨ।"[1]

'ਧਰਤੀ ਦੇ ਦੇਵਤੇ' ਨਾਵਲ ਵਿਚ ਮੁੱਖ ਕਿੱਤਾ ਖੇਤੀਬਾੜੀ ਪੇਸ਼ ਹੋਇਆ ਹੈ। ਨਾਵਲ ਵਿਚਲੇ ਪਾਤਰ ਪਰੰਪਰਾਗਤ ਕਿੱਤੇ ਖੇਤੀਬਾੜੀ ਤੋਂ ਇਲਾਵਾ ਗੈਰ-ਪਰੰਪਰਾਗਤ ਕਿੱਤੇ ਅਪਣਾਉਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਵੇਂ: ਵਾਣ ਵੱਟਣਾ, ਕੱਪੜਾ ਉਣਨਾ, ਸਾਂਝੀ ਦੁਕਾਨ, ਆਦਿ। ਨਾਵਲ ਦਾ ਨਾਂ 'ਧਰਤੀ ਦੇ ਦੇਵਤੇ' ਖੇਤੀਬਾੜੀ ਕਿੱਤੇ ਨੂੰ ਹੀ ਸੂਚਿਤ ਕਰਦਾ ਹੈ। ਕਿਰਸਾਨ ਸਾਡੇ ਸੰਸਾਰ ਲਈ ਅੰਨ ਪੈਦਾ ਕਰਨ ਵਾਲਾ ਇਕ ਦੇਵਤਾ ਹੈ। ਜਿਸ ਕਰਕੇ ਉਸ ਨੂੰ 'ਧਰਤੀ ਦਾ ਦੇਵਤਾ' ਆਖਿਆ ਗਿਆ ਹੈ। ਨਾਵਲ ਵਿਚਲੇ ਪਾਤਰ ਕਿਰਸਾਨੀ ਜੀਵਨ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਸੰਬੰਧਿਤ ਹੋਣ ਕਾਰਨ ਖੇਤੀਬਾੜੀ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਵੇਂ:-

ਸਰਪੰਚ: "ਆਹ ਤਿੰਨੇ ਕਿੱਲੇ ਜਮਾਂਦਾਰ ਕੇ ਨੇ।"[2]

ਗਿਆਨ ਸਿੰਘ "ਅੱਜ ਕੱਲ ਕੋਈ ਜਿੰਮੀਦਾਰ ਦੂਜੇ ਨੂੰ ਠੇਕੇ 'ਤੇ ਪੈਲੀ ਨਹੀਂ ਦੇਂਦਾ। ਸੋ, ਦਸ ਏਕੜ ਵਾਲਾ ਕੀ ਤੇ ਦੋ ਏਕੜ ਵਾਲਾ ਕੀ, ਆਪਣੀ ਵੱਖਰੀ ਵਾਹੀ ਹੀ ਕਰ ਰਿਹਾ ਹੈ।"[3]

ਉਪਰੋਕਤ ਵਾਕਾਂ ਦੇ ਅੰਤਰਗਤ ਕਿੱਲੇ, ਪੈਲੀ, ਏਕੜ, ਵਾਹੀ, ਜ਼ਿੰਮੀਦਾਰ ਸ਼ਬਦ ਖੇਤੀਬਾੜੀ ਨਾਲ ਸੰਬੰਧਿਤ ਸ਼ਬਦਾਵਲੀ ਦੀ ਪ੍ਰੋੜਤਾ ਕਰਦੇ ਹਨ।

ਕਿਰਸਾਨੀ ਜੀਵਨ ਵਿਚ ਪਸ਼ੂ ਅਹਿਮ ਰੋਲ ਅਦਾ ਕਰਦੇ ਹਨ। ਖੇਤੀਬਾੜੀ ਨਾਲ ਸੰਬੰਧਿਤ ਕਾਰਜਾਂ ਨੂੰ ਨੇਪਰੇ ਚਾੜਨ ਲਈ ਪਸ਼ੂਆਂ ਖਾਸ ਕਰਕੇ ਬਲਦਾਂ ਦੀ ਜ਼ਰੂਰਤ ਹੁੰਦੀ ਹੈ। ਸੁੱਚੇ ਪਾਤਰ ਨੂੰ ਆਪਣੇ ਪਸ਼ੂਆਂ ਨਾਲ ਬਹੁਤ ਪਿਆਰ ਹੈ। ਉਹ ਬਲਦਾਂ ਨੂੰ ਰੀਝ ਨਾਲ ਪੱਠੇ ਪਾਉਂਦਾ ਹੈ ਅਤੇ 'ਮੇਰੇ ਸ਼ੇਰ' ਅਤੇ 'ਹੀਰੇ' ਕਹਿ ਕੇ ਸਬੋਧਨ ਕਰਦਾ ਹੈ। ਉਹ ਆਪਣੇ ਬਲਦਾਂ ਨੂੰ ਬੁਚਕਰ ਮਾਰੇ ਕੇ ਖੜਾਉਂਦਾ ਆਖਦਾ ਹੈ:

"ਛਾਵਾ, ਉ ਮੇਰੇ ਹੀਰਿਓ! ਹੋ-ਹੋ,ਹੋ-ਹੋ।"[4]

ਨਾਵਲ ਵਿਚ ਖੇਤੀਬਾੜੀ ਤੋਂ ਇਲਾਵਾ ਹੋਰ ਸਹਾਇਕ ਧੰਦੇ ਵੀ ਪੇਸ਼ ਕੀਤੇ ਗਏ ਹਨ। ਪਾਤਰਾਂ ਦੁਆਰਾ ਵਰਤੀ ਜਾਂਦੀ ਭਾਸ਼ਾਈ ਸ਼ਬਦਾਵਲੀ ਇਹਨਾਂ ਕਿੱਤਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ:

ਪ੍ਰਕਾਸ਼: "ਭੈਣ ਜੀ! ਛੱਡ ਕੇ ਜਾਣ ਨੂੰ ਤਾਂ ਮੇਰਾ ਵੀ ਜੀ ਨਹੀਂ ਕਰਦਾ, ਪਰ ਸਕੂਲ ਦੀ ਨੌਕਰੀ ਹੋਈ ਨਾ। ਤੁਸੀਂ ਏਥੇ ਸਕੂਲ ਬਣਾ ਲਵੋ। ਮੈਂ ਓਥੋਂ ਏਥੇ ਤਬਦੀਲੀ ਕਰ ਲਵਾਂਗੀ।"[5]

ਪ੍ਰਕਾਸ਼: "ਤੁਹਾਡੇ ਵਿਚੋਂ ਚਾਰ ਜਣੀਆਂ ਖੱਡੀਆਂ ਚਲਾਉਣਾ ਸਿੱਖ ਗਈਆਂ ਨੇ। ਹਰਬੰਸ ਕੌਰ ਦਾ ਹੱਥ ਤਾਂ ਬਹੁਤ ਹੀ ਸਾਫ ਏ। ਆਉਂਦੇ ਵਰੇ ਨੂੰ ਮੈਂ ਤੁਹਾਡੀਆਂ ਉਣੀਆਂ ਦਰੀਆਂ 'ਤੇ ਖੇਸ ਨੁਮਾਇਸ਼ ਵਿਚ ਭੇਜਾਂਗੀ।"[6]

ਗਿਆਨ ਸਿੰਘ: "ਇਹਨਾਂ ਸਾਰਿਆਂ ਕੰਮਾਂ ਤੋਂ ਬਚੇ ਆਦਮੀ ਵਾਣ-ਵੱਟਣ ਦਾ ਕੰਮ ਕਰਦੇ ਹਨ। ਵਾਣ ਬਿਜਲੀ ਦੀ ਮਸ਼ੀਨ ਨਾਲ ਵੱਟਿਆ ਜਾਂਦਾ ਹੈ। ਪਿਛਲੇ ਸਾਲ ਮੁੰਞ ਹੱਥੀ ਕੁੱਟਣੀ ਪੈਂਦੀ ਸੀ। ਹੁਣ ਉਹ ਸੇਵਾ ਵੀ ਬਿਜਲੀ ਤੋਂ ਲਈ ਜਾਂਦੀ ਏ।[7]

ਪਾਤਰਾਂ ਦੇ ਉਪਰੋਕਤ ਭਾਸ਼ਾਈ ਵਰਤਾਰੇ ਦੇ ਅੰਤਰਗਤ ਕ੍ਰਮਵਾਰ ਅਧਿਆਪਕ, ਕੱਪੜਾ ਉਣਨਾਂ, ਵਾਣ-ਵੱਟਣਾ ਸਹਾਇਕ ਧੰਦੇ ਪੇਸ਼ ਹੋਏ ਹਨ।

**ਉਮਰ ਅਧਾਰਿਤ ਭਾਸ਼ਾਈ ਵਖਰੇਵੇਂ :**

ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ, "ਮਨੁੱਖ ਸਮਾਜ ਵਿਚੋਂ ਭਾਸ਼ਾ ਗ੍ਰਹਿਣ ਕਰਦਾ ਹੈ। ਜਿਵੇਂ-ਜਿਵੇਂ ਉਸਦੀ ਉਮਰ ਵਧਦੀ ਹੈ, ਉਸੇ ਤਰ੍ਹਾਂ ਹੀ ਉਸ ਦਾ ਭਾਸ਼ਾ ਸੰਬੰਧੀ ਗਿਆਨ ਵਧਦਾ ਜਾਂਦਾ ਹੈ। ਜਿਥੇ ਇਕ ਬਜ਼ੁਰਗ ਦੀ ਭਾਸ਼ਾ

ਵਿਚ ਤਮਾਸ਼ਿਆਂ, ਮੇਲਿਆਂ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਦੀ ਭਰਮਾਰ ਮਿਲਦੀ ਹੈ, ਉਥੇ ਦਸ ਸਾਲ ਦੇ ਬੱਚੇ ਦੀ ਭਾਸ਼ਾ ਵਿਚ ਫ਼ੈਨਸੀ ਡਰੈਸ, ਟੈਨਿਸ, ਮੋਨੋ-ਐਕਟਿੰਗ, ਟੀ.ਵੀ., ਰੇਡੀਓ ਆਦਿ ਨਾਲ ਸੰਬੰਧਿਤ ਉਚਾਰਣ ਅਤੇ ਸ਼ਬਦਾਵਲੀ ਦੀ ਸ਼ਮੂਲੀਅਤ ਮਿਲਦੀ ਹੈ। ਇਸੇ ਪ੍ਰਕਾਰ ਇਕੋ ਪੀੜ੍ਹੀ ਦੇ ਮਨੁੱਖਾਂ ਦਾ ਆਪਸ ਵਿਚ ਅਤੇ ਦੂਸਰੀ ਪੀੜ੍ਹੀ ਦੇ ਮਨੁੱਖਾਂ ਨਾਲ ਬੋਲਣ ਦਾ ਢੰਗ ਅਤੇ ਸ਼ਬਦਾਵਲੀ ਦਾ ਪੱਧਰ ਵੀ ਨਿਸ਼ਚਿਤ ਹੁੰਦਾ ਹੈ।"[8]

'ਧਰਤੀ ਦੇ ਦੇਵਤੇ' ਨਾਵਲ ਵਿਚ 60-70 ਸਾਲ (ਸ਼ੇਰ ਸਿੰਘ, ਹਰੀ ਸਿੰਘ) ਬਜ਼ੁਰਗ ਪਾਤਰ, 25-35 ਸਾਲ (ਗਿਆਨ ਸਿੰਘ, ਪ੍ਰਕਾਸ਼) ਨੌਜਵਾਨ ਪਾਤਰ ਅਤੇ 7 ਤੋਂ 15 ਸਾਲ (ਸੁਰਿੰਦਰ, ਜੀਤੋ) ਤੱਕ ਦੇ ਬੱਚੇ ਪਾਤਰ ਪੇਸ਼ ਹੋਏ ਹਨ। ਨੌਜਵਾਨ ਪਾਤਰਾਂ ਦੇ ਭਾਸ਼ਾਈ ਉਚਾਰਨ ਵਿਚ ਵੱਡਿਆਂ ਲਈ ਸਤਿਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਗਿਆਨ ਸਿੰਘ ਸਰਪੰਚ ਅਤੇ ਗ੍ਰੰਥੀ ਨਾਲੋਂ ਉਮਰ ਵਿਚ ਛੋਟਾ ਹੋਣ ਕਾਰਨ ਸਤਿਕਾਰ ਵਜੋਂ ਨਿਮਨ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਸ ਵਿਚੋਂ ਉਮਰ ਅਧਾਰਿਤ ਭਾਸ਼ਾਈ ਵਖਰੇਵੇਂ ਉੱਭਰਦੇ ਪ੍ਰਤੀਤ ਹੁੰਦੇ ਹਨ:

"ਵਾਹ ਸਰਪੰਚ ਸਾਹਿਬ! ਮੈਂ ਤਾਂ ਤੁਹਾਡੇ ਬੱਚਿਆਂ ਦੀ ਥਾਂ ਆਂ। ਆਪ ਦੋਵੇਂ ਮੇਰੇ ਬਜ਼ੁਰਗ ਹੋ।"[9]

ਇਸੇ ਪ੍ਰਕਾਰ ਗਿਆਨ ਸਿੰਘ ਵਡੇਰੀ ਉਮਰ ਦੀ ਪਾਤਰ ਮਾਈ ਆਸ ਕੌਰ ਨੂੰ ਸੰਬੋਧਨ ਕਰਦਾ ਆਖਦਾ ਹੈ

"ਮਾਂ ਜੀ, ਬਹੁਤੀ ਵਡਿਆਈ ਨਾ ਕਰੋ। ਮੈਂ ਤਾਂ ਤੁਹਾਡਾ ਬੱਚਾ ਆਂ। ਗੱਭਰੂਆਂ ਨੂੰ ਚਾਹੀਦਾ ਏ, ਬਜ਼ੁਰਗਾਂ ਦੀ ਸੇਵਾ ਕਰਨ।"[10]

ਆਸ ਕੌਰ ਦੀ ਉਮਰ ਵਡੇਰੀ ਹੋਣ ਕਾਰਨ ਗਿਆਨ ਸਿੰਘ ਉਸ ਲਈ 'ਮਾਂ ਜੀ' ਸ਼ਬਦ ਦੀ ਵਰਤੋਂ ਕਰਦਾ ਹੈ।

ਵਡੇਰੀ ਉਮਰ ਦੀਆਂ ਔਰਤਾ ਪੜ੍ਹਨ ਲਿਖਣ ਵਿੱਚ ਸ਼ਰਮ ਮਹਿਸੂਸ ਕਰਦੀਆਂ ਹਨ। ਜਿਸ ਕਰਕੇ ਪ੍ਰਕਾਸ਼ ਇਹਨਾਂ ਔਰਤਾਂ (ਮਾਈ ਆਸ ਕੌਰ ,ਇਸਰੀ) ਨੂੰ ਵਿੱਦਿਅਕ ਵਰਤਾਰੇ ਸਬੰਧੀ ਜਾਗਰੂਕ ਕਰਦੀ ਹੈ:

"ਇਹ ਗੱਲ ਕਦੇ ਦਿਲ ਤੇ ਨਾ ਲਿਆਓ ਕਿ ਤੁਸੀਂ ਵਡੇਰੀ ਉਮਰ ਹੋ ਜਾਣ ਕਰਕੇ ਪੜ੍ਹ ਨਹੀਂ ਸਕਦੀਆਂ । ਸ਼ੇਖ ਸਾਅਦੀ ਫ਼ਾਰਸੀ ਦਾ ਮਹਾਨ ਲਿਖਾਰੀ ਹੋਇਆ ਹੈ। ਉਹ ਚਾਲੀ ਸਾਲ ਦਾ ਸੀ, ਜਦ ਉਹਨੇ ਅਲਫ਼,ਬੇ ਪੜ੍ਹਨਾ ਸ਼ੁਰੂ ਕੀਤਾ ਸੀ ਤੇ ਗੁਰਮੁਖੀ ਪੜ੍ਹਨੀ ਤਾਂ ਹੈ ਈ ਸਭ ਨਾਲੋਂ ਸੌਖੀ।"[11]

ਵੱਖੋਂ-ਵੱਖਰੀ ਉਮਰ ਦੇ ਪਾਤਰਾਂ ਦਾ ਆਪਸ ਵਿਚ ਅਤੇ ਦੂਜੀ ਪੀੜ੍ਹੀ ਨਾਲ ਸੰਬੰਧਿਤ ਪਾਤਰਾਂ ਨਾਲ ਭਾਸ਼ਾਈ ਉਚਾਰਨ ਅਤੇ ਸ਼ਬਦਾਵਲੀ ਦਾ ਪੱਧਰ ਸਮਾਜ ਭਾਸ਼ਾਈ ਵਖਰੇਵੇਂ ਪੈਦਾ ਕਰਦਾ ਹੈ। ਨਾਵਲ ਵਿਚ ਹਰਨਾਮ ਅਤੇ ਜੀਤੋ ਬੱਚੇ ਪਾਤਰ ਪੇਸ਼ ਹੋਏ ਹਨ। ਇਹ ਭੈਣ-ਭਾਈ ਆਪਸ ਵਿਚ ਲੜਾਈ-ਝਗੜਾ ਕਰਦੇ ਹੋਏ ਆਪਣੀ ਮਾਂ ਕੋਲ ਇਕ-ਦੂਜੇ

ਦੀ ਸ਼ਿਕਾਇਤ ਲਗਾਉਂਦੇ ਹਨ:

ਹਰਨਾਮ: "ਵੇਖ ਲਾ, ਮਾਂ! ਮੈਨੂੰ ਨੱਕ ਚੜ੍ਹਾਉਂਦੀ ਊ । ਫੇਰ ਆਖੇਂਗੀ, ਲੜਦਾ ਏ ਵੱਡੀ ਭੈਣ ਨਾਲ। ਅਹੁ ਵੇਖ, ਦੰਦੀਆਂ ਚੜਾ ਗਈ ਊ।

ਜੀਤੋ: ਮਾਂ! ਇਹਨੂੰ ਤਾਂ ਵਾਦੀ ਹੈ ਛਕੈਤਾਂ ਲੈਣ ਦੀ। ਆਹ ਲੈਣ ਦਿਹ ਅੱਜ ਇਹਦੀ ਭੈਣ ਜੀ ਨੂੰ। ਮੈਂ ਵੀ ਇਹਦੀਆਂ ਛਕੈਤਾਂ ਲਾਵਾਂਗੀ।"[12]

ਬੱਚੇ ਆਮ ਤੌਰ ਤੇ ਤੋਤਲੇਪਣ ਦੀ ਸਮੱਸਿਆ ਹੋਣ ਕਾਰਨ 'ਸ਼' ਵਿਅੰਜਨ ਦੀ ਥਾਂ 'ਛ' ਵਿਅੰਜਨ ਦੀ ਵਰਤੋਂ ਕਰਦੇ ਹਨ। ਉਪਰੋਕਤ ਵਾਕਾਂ ਦੇ ਅੰਤਰਗਤ ਜੀਤੋ 'ਸ਼ਿਕਾਇਤ' ਸ਼ਬਦ ਦੀ ਥਾਂ 'ਛਕੈਤ' ਸ਼ਬਦ ਦੀ ਵਰਤੋਂ ਕਰਦੀ ਹੈ।

**ਆਰਥਿਕਤਾ ਅਧਾਰਿਤ ਭਾਸ਼ਾਈ ਵਖਰੇਵੇਂ**

ਮਨੁੱਖੀ ਜ਼ਿੰਦਗੀ ਵਿਚ ਆਰਥਿਕਤਾ ਪੱਧਰ ਅਹਿਮ ਰੋਲ ਅਦਾ ਕਰਦਾ ਹੈ। ਸਮਾਜਿਕ ਵਿਵਸਥਾ ਆਰਥਿਕ ਪੱਧਰਾਂ ਤੇ ਅਧਾਰਿਤ ਹੁੰਦੀ ਹੈ। ਇਸ ਲਈ ਆਰਥਿਕ ਪੱਖ ਸਮਾਜਿਕ ਪੱਧਰ ਵਿਚ ਤਬਦੀਲੀ ਦਾ ਕਾਰਨ ਬਣਦੇ ਹਨ। ਜਦੋਂ ਕੋਈ ਸਭਿਆਚਾਰ ਇਸ ਸੀਮਾ ਤੱਕ ਉੱਨਤ ਹੋ ਜਾਵੇ ਅਤੇ ਉਸ ਵਿਚ ਧੰਨ-ਸੰਪਤੀ ਦੇ ਅੰਤਰ ਮਹੱਤਵਪੂਰਨ ਹੋਣੇ ਸ਼ੁਰੂ ਹੋ ਜਾਣ ਅਤੇ ਇਹੋ ਜਿਹੀ ਸਥਿਤੀ ਕਈ ਪੀੜ੍ਹੀਆਂ ਤੱਕ ਕਾਇਮ ਰਹੇ ਤਾਂ ਇਹ ਸਮਾਜਿਕ ਵਰਗ ਦੀ ਉਤਪੱਤੀ ਦਾ ਆਧਾਰ ਬਣਦੇ ਹਨ।

ਨਾਵਲ ਦੀ ਕਹਾਣੀ 'ਨਵੇਂ ਪਿੰਡ' ਨਾਲ ਸੰਬੰਧਿਤ ਹੈ। ਜਿੱਥੇ ਹੱਡ-ਭੰਨਣੀ ਮਿਹਨਤ ਕਰਨ ਤੋਂ ਬਾਅਦ ਵੀ ਮੱਧਵਰਗੀ ਅਤੇ ਨਿਮਨ ਕਿਰਸਾਨ ਆਪਣੇ ਪਰਿਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਕਰ ਸਕਦਾ ਸੀ। ਉਥੇ 'ਸਾਂਝੀ ਵਾਹੀ' ਦੀ ਸਕੀਮ ਦੇ ਅੰਤਰਗਤ ਕਿਰਸਾਨੀ ਜੀਵਨ ਨਾਲ ਸੰਬੰਧਿਤ ਪਾਤਰਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਹੋਇਆ ਨਜ਼ਰ ਆਉਂਦਾ ਹੈ। ਖੇਤੀਬਾੜੀ ਤੋਂ ਇਲਾਵਾ ਹੋਰ ਸਹਾਇਕ ਕਿੱਤੇ ਅਪਣਾ ਕੇ ਪਾਤਰਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੁੰਦੀ ਹੈ। 'ਸਾਂਝੀ ਸੁਸਾਇਟੀ' ਵਾਲਿਆਂ ਦੀ ਆਰਥਿਕ ਹਾਲਤ ਸੁਧਰਦੀ ਵੇਖ ਕੇ ਦੂਜੀਆਂ ਪੱਤੀਆਂ ਦੀਆਂ ਔਰਤਾਂ ਆਪਣੇ ਪਤੀਆਂ ਨੂੰ ਨਿਹੋਰੇ ਮਾਰਦੀਆਂ ਆਖਦੀਆਂ ਹਨ:

"ਉਹ ਕਿੰਨੇ ਰੰਗ ਵਿਚ ਨੇ। ਉਹਨਾਂ ਨੂੰ ਕਿੰਨੀ ਆਮਦਣ ਏਂ। ਹਰ ਵੇਲੇ ਉਹਨਾਂ ਦੀਆਂ ਜੇਬਾਂ ਰੁਪੱਈਆਂ ਨਾਲ ਭਰੀਆਂ ਰਹਿੰਦੀਆਂ ਨੇ। ਨਿੱਤ ਨਵੇਂ ਸੂਰਜ ਉਹ ਵੰਨ-ਸੁਵੰਨੇ ਸੂਟ ਬਦਲਦੀਆਂ ਨੇ। ਸਾਡੇ ਉਹ ਪਾਟੀਆਂ ਲੀਰਾਂ। ਨਵੀਂ ਟਾਕੀ ਖਰੀਦਿਆਂ ਜੁੱਗ ਬੀਤ ਚੱਲੇ ਨੇ। ਉਦੋਂ ਪ੍ਰਕਾਸ਼ ਭੈਣ ਜੀ ਦੇ ਆਖੇ ਲੱਗ ਕੇ ਸਾਂਝੀ ਵਾਹੀ ਵਾਲਿਆਂ ਦੀ ਕਮੇਟੀ

ਵਿਚ ਰਲ ਜਾਂਦੇ, ਤਾਂ ਟਕੇ ਟਕੇ ਨੂੰ ਕਿਉ ਧੱਕੇ ਖਾਂਦੇ ਫਿਰਦੇ।"[13]

ਉਪਰੋਕਤ ਭਾਸ਼ਾਈ ਵਰਤਾਰੇ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਅਕਤੀ ਦੇ ਸ਼ੌਂਕ ਤਾਂ ਹੀ ਪੂਰੇ ਹੋ ਸਕਦੇ ਹਨ ਜੇਕਰ ਉਸ ਕੋਲ ਖੁੱਲੀ ਧੰਨ ਸੰਪਤੀ ਹੈ। ਨਹੀਂ ਤਾਂ ਨਾ ਉਹ ਚੰਗਾ ਖਾ ਸਕਦਾ ਹੈ ਤੇ ਨਾ ਹੀ ਚੰਗਾ ਪਹਿਨ ਸਕਦਾ ਹੈ। ਉਸ ਨੂੰ ਆਪਣੀਆਂ ਇੱਛਾਵਾਂ ਦਾ ਤਿਆਗ ਕਰਨਾ ਪੈਂਦਾ ਹੈ।

ਬਾਬਾ ਸ਼ੇਰ ਸਿੰਘ ਦੀ ਨੂੰਹ ਹਰਬੰਸ ਕੌਰ ਪਾਵਰ-ਲੂਮਜ਼ ਦਾ ਕਿੱਤਾ ਅਪਣਾ ਕੇ ਉਪਜੀਵਕਾ ਕਮਾਉਣ ਦੇ ਸਮਰੱਥ ਹੋ ਜਾਂਦੀ ਹੈ ਅਤੇ ਇਕ ਉਜੱਵਲ ਭਵਿੱਖ ਦੀ ਉਮੀਦ ਰੱਖਦੀ ਪ੍ਰਤੀਤ ਹੁੰਦੀ ਹੈ। ਉਹ ਪ੍ਰਕਾਸ਼ ਨੂੰ ਅਸੀਸਾਂ ਦਿੰਦੀ ਹੈ। ਉਸਦੀ ਇਹ ਸੋਚ ਨਿਮਨ ਭਾਸ਼ਾਈ ਵਰਤਾਰੇ ਦੇ ਅੰਤਰਗਤ ਸਪੱਸ਼ਟ ਹੁੰਦੀ ਹੈ।

"ਹੁਣ ਮੈਂ ਜਾਣ ਵਾਲੇ ਦੀਆਂ ਨਿਸ਼ਾਨੀਆਂ ਨੂੰ ਚੰਗੀ ਤਰ੍ਹਾਂ ਪਾਲ ਸਕਾਂਗੀ। ਮੇਰੇ ਤਾਂ ਭਾਗਾਂ ਨੂੰ ਇਹ ਦੋਵੇਂ ਜੀ ਏਸ ਪਿੰਡ ਆ ਗਏ। ਪ੍ਰਕਾਸ਼ ਭੈਣ ਜੀ ਦਾ ਦੇਣ ਮੈਂ ਕਿਹੜੇ ਜਨਮ ਦੇ ਸਕਾਂਗੀ।"[14]

ਹਰਬੰਸ ਕੌਰ ਦੁਆਰਾ ਉਚਾਰੇ ਵਾਕ ਦੇ ਅੰਤਰਗਤ 'ਜਾਣ ਵਾਲੇ ਦੀਆਂ ਨਿਸ਼ਾਨੀਆਂ' ਸ਼ਬਦ-ਸਮੂਹ ਤੋਂ ਭਾਵ ਉਸ ਦੇ ਪਤੀ ਅਤੇ ਬੱਚਿਆਂ ਨਾਲ ਸੰਬੰਧਿਤ ਹੈ।

ਨਾਵਲ ਵਿਚਲਾ ਪਾਤਰ ਰਾਮੇ ਸ਼ਾਹ ਗਿਆਨ ਸਿੰਘ ਉਤੇ ਝੂਠੇ ਇਲਜ਼ਾਮ ਲਗਾ ਕੇ ਪਿੰਡ ਦੇ ਲੋਕਾਂ ਕੋਲ ਨਿਮਨ ਕਥਨ ਉਚਾਰਦਾ ਹੈ:

"ਗਿਆਨ ਸਿੰਘ ਸੁਸਾਇਟੀ ਦੇ ਹਜ਼ਾਰਾਂ ਰੁਪਏ ਖਾ ਗਿਆ ਹੈ। ਟ੍ਰੈਕਟਰ ਤੇ ਟਿਊਬੈਲ ਵਿਚੋਂ ਰੱਜਵਾਂ ਪੈਸਾ ਖਾਧਾ ਏ। ਫਿਰ ਖੱਡੀਆਂ ਖਰੀਦਣ ਲੱਗਿਆਂ ਉਹਨੇ ਬਥੇਰਾ ਘਾਲਾ ਮਾਲਾ ਕੀਤਾ ਏ। ਹੁਣ ਕੱਪੜਾ ਵੇਚਣ ਤੇ ਸੂਤ ਖਰੀਦਣ ਵਿਚ ਉਹਨੇ ਆਪਣਾ ਕਮੀਸ਼ਨ ਠਹਿਰਾਇਆ ਹੋਇਆ ਏ। ਐਵੇਂ ਤਾਂ ਨੀ ਦੋਵੇਂ ਜੀ ਕੁਸ-ਕੁਸ ਮਰਦੇ ਪਏ।"[15]

ਰਾਮੇ ਸ਼ਾਹ ਦੇ ਉਪਰੋਕਤ ਭਾਸ਼ਾਈ ਵਰਤਾਰੇ ਤੋਂ ਸਪੱਸ਼ਟ ਹੁੰਦਾ ਹੈ ਕਿ ਧੰਨ ਇਕ ਅਜਿਹਾ ਪਦਾਰਥ ਹੈ ਜੋ ਮਨੁੱਖ ਨੂੰ ਇਕ ਦੂਜੇ ਦਾ ਦੁਸ਼ਮਣ ਬਣਾ ਦਿੰਦਾ ਹੈ। ਰਾਮੇ ਸ਼ਾਹ ਦੇ ਉਪਰੋਕਤ ਭਾਸ਼ਾਈ ਵਰਤਾਰੇ ਦੇ ਅੰਤਰਗਤ ਵਰਤੀ ਗਈ ਸ਼ਬਦਾਵਲੀ ਵਿਚ ਉਸ ਦੀ ਗਿਆਨ ਸਿੰਘ ਪ੍ਰਤੀ ਨਫ਼ਰਤ ਝਲਕਦੀ ਹੈ। ਜਿਸਦਾ ਕਾਰਨ ਹੈ ਗਿਆਨ ਸਿੰਘ ਦੁਆਰਾ ਪਿੰਡ ਵਿਚ ਸੁਸਾਇਟੀ ਵਾਲਿਆਂ ਵਲੋਂ ਸਾਂਝੀ ਦੁਕਾਨ ਖੁਲਵਾਉਣਾ। ਇਸਦੇ ਸਿੱਟੇ ਵਜੋਂ ਰਾਮੇ ਸ਼ਾਹ ਦੀ ਦੁਕਾਨ ਵਿਚ ਗਾਹਕਾਂ ਦੀ ਸੰਖਿਆ ਘਟਣੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਸਾਝੀ ਦੁਕਾਨ ਉਤੇ ਰਾਮੇ ਸ਼ਾਹ ਦੀ ਦੁਕਾਨ ਤੋਂ ਸਸਤਾ ਸਮਾਨ ਮਿਲਦਾ ਹੈ ।

ਇਸ ਪ੍ਰਕਾਰ ਆਰਥਿਕ ਸਥਿਤੀ ਪੇਂਡੂ ਪਾਤਰਾਂ ਦੀ ਆਪਸੀ ਸਾਂਝ ਅਤੇ ਭਾਸ਼ਾਈ ਵਰਤਾਰੇ ਨੂੰ ਪ੍ਰਭਾਵਿਤ ਕਰਦੀ ਹੈ। ਪਾਤਰਾਂ ਦੇ ਭਾਸ਼ਾਈ ਵਟਾਂਦਰੇ ਰਾਹੀਂ ਸਮਾਜ ਭਾਸ਼ਾਈ ਵਖਰੇਵੇਂ ਸਾਕਾਰ ਹੁੰਦੇ ਨਜ਼ਰ ਆਉਂਦੇ ਹਨ।

**ਵਿੱਦਿਆ ਅਧਾਰਿਤ ਭਾਸ਼ਾਈ ਵਖਰੇਵੇਂ**

ਵਿੱਦਿਆ ਦੇ ਆਧਾਰ ਤੇ ਵੀ ਭਾਸ਼ਾ ਵਿਚ ਵਖਰੇਵੇਂ ਮਿਲਦੇ ਹਨ। ਇਕ ਪੜ੍ਹੇ-ਲਿਖੇ ਅਤੇ ਅਨਪੜ੍ਹ-ਵਿਅਕਤੀ ਦੀ ਭਾਸ਼ਾ ਵਿਚ ਅੰਤਰ ਹੁੰਦਾ ਹੈ। ਪੜ੍ਹੇ-ਲਿਖੇ ਵਿਅਕਤੀ ਦੀ ਭਾਸ਼ਾ ਵਿਚ ਇਕ ਤੋਂ ਵਧੇਰੇ ਭਾਸ਼ਾਈ ਸ਼ਬਦਾਵਲੀ ਦੀ ਸ਼ਮੂਲੀਅਤ ਮਿਲਦੀ ਹੈ ਪਰ ਅਨਪੜ੍ਹ ਵਿਅਕਤੀ ਅਜਿਹਾ ਨਹੀਂ ਕਰਦਾ।

ਕਿਸੇ ਵਿਅਕਤੀ ਦੀ ਪ੍ਰਤਿਭਾ ਵਧਾਉਣ ਲਈ ਵਿੱਦਿਅਕ ਪੱਧਰ ਵਿਸ਼ੇਸ਼ ਰੋਲ ਅਦਾ ਕਰਦਾ ਹੈ। 'ਧਰਤੀ ਦੇ ਦੇਵਤੇ' ਨਾਵਲ ਵਿਚ ਪੇਂਡੂ ਸਮਾਜਕ ਚਿਤਰਨ ਪੇਸ਼ ਕੀਤਾ ਗਿਆ ਹੈ। ਨਾਵਲ ਵਿਚ ਪੜ੍ਹੀ-ਲਿਖੀ ਅਤੇ ਅਨਪੜ੍ਹ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਪੇਸ਼ ਹੋਏ ਹਨ। ਦੋਨੋਂ ਸ਼੍ਰੇਣੀਆਂ ਨਾਲ ਸੰਬੰਧਿਤ ਪਾਤਰ ਮਾਝੀ ਉਪਭਾਸ਼ਾ ਦੀ ਵਰਤੋਂ ਕਰਦੇ ਹਨ। ਜਿਵੇਂ :

- ਡਿੱਠਾ
- ਸੱਦਣਾ
- ਖਲੋਤੇ
- ਨੈਂਹ

ਅਨਪੜ੍ਹ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਦੇ ਭਾਸ਼ਾਈ ਵਰਤਾਰੇ ਦੇ ਅੰਤਰਗਤ ਅਸ਼ੁੱਧ ਸ਼ਬਦਾਵਲੀ ਦੀ ਭਰਮਾਰ ਮਿਲਦੀ ਹੈ। ਹਰੀ ਸਿੰਘ ਅਤੇ ਸ਼ੇਰ ਸਿੰਘ ਅਨਪੜ੍ਹ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਹਨ। ਭਾਸ਼ਾਈ ਉਚਾਰਨ ਵਿਚਲੀ ਅਸ਼ੁੱਧ ਸ਼ਬਦਾਵਲੀ ਦੀ ਵਰਤੋਂ ਨਿਮਨ ਵਾਕਾਂ ਵਿਚ ਵੇਖੀ ਜਾ ਸਕਦੀ ਹੈ:

ਹਰੀ ਸਿੰਘ : "ਇਹ ਚਾਲੀ ਕਿੱਲੇ ਜ਼ਮੀਨ ਅੱਗੇ ਅੰਬਰੀ ਸੀ। ਹੋਰ ਦਸਾਂ ਦਿਨਾਂ ਨੂੰ ਬਿਜਲੀ ਮਿਲ ਗਈ ਤਾਂ ਇੰਦਰ ਦਿਉਤੇ ਦੀ ਕੁਸ਼ਾਮਦ ਹਟ ਜਾਏਗੀ।"[16]

ਬਾਬਾ ਸ਼ੇਰ ਸਿੰਘ : "ਹੁਣ ਭਾਈ ਮੈਂ ਆਪਣੇ ਮਨ-ਆਈ ਵੀ ਕਹਿ ਲੈਣੀ ਜੇ। ਇਹ ਸਾਡੇ ਮਿੰਬਰ ਤੇ ਸੈਹਬ ਸੁੱਕੇ ਈ ਨਾ ਨਿਕਲ ਜਾਣ।"[17]

- ਅਸ਼ੁੱਧ ਸ਼ਬਦਾਵਲੀ
- ਕੁਸ਼ਾਮਦ

- ਦਿਉਤੇ
- ਮਿੰਬਰ
- ਸੈਹਬ

ਉਪਰੋਕਤ ਦੋਂਵੇ ਪਾਤਰ ਸਵਰ, ਵਿਅੰਜਨ ਅਤੇ ਲਗਾਂ ਮਾਤਰਾ ਦੀ ਅਸ਼ੁੱਧ ਰੂਪ ਵਿਚ ਵਰਤੋਂ ਕਰਦੇ ਹਨ। ਜਿਵੇਂ 'ਕੁਸ਼ਾਮਦ' ਸ਼ਬਦ ਵਿਚ 'ਖ' ਵਿੰਅਜਨ ਦੀ ਥਾਂ 'ਕ' ਵਿਅੰਜਨ ਦੀ ਵਰਤੋਂ ਕੀਤੀ ਗਈ ਹੈ। 'ਦੇਵਤੇ' ਸ਼ਬਦ ਦੀ ਥਾਂ 'ਦਿਉਤੇ' ਸ਼ਬਦ ਵਰਤਿਆ ਗਿਆ ਹੈ। ਇਸੇ ਪ੍ਰਕਾਰ 'ਮਿੰਬਰ' ਸ਼ਬਦ ਦੇ ਅੰਤਰਗਤ 'ੈ' ਲਗਾ ਮਾਤਰਾਂ ਦੀ ਥਾਂ 'ਿ' ਅਤੇ 'ਸੈਹਬ' ਸ਼ਬਦ ਵਿਚ 'ਾ' ਦੀ ਥਾਂ 'ੈ' ਲਗਾ ਮਾਤਰਾ ਦੀ ਵਰਤੋਂ ਕੀਤੀ ਗਈ ਹੈ।

ਪੜ੍ਹੀ-ਲਿਖੀ ਸ਼੍ਰੇਣੀ ਉੱਤੇ ਪੇਂਡੂ ਵਾਤਾਵਰਣ ਦਾ ਪ੍ਰਭਾਵ ਪੈਣਾ ਸੁਭਾਵਕ ਹੈ। ਪਿੰਡ ਦੇ ਵਧੇਰੇ ਲੋਕਾਂ ਦਾ ਅਨਪੜ੍ਹ ਸ਼੍ਰੇਣੀ ਨਾਲ ਸੰਬੰਧਿਤ ਹੋਣਾ ਪੜੀ-ਲਿਖੀ ਸ਼੍ਰੇਣੀ ਨੂੰ ਪ੍ਰਭਾਵਿਤ ਕਰਦਾ ਹੈ। ਪੜ੍ਹੀ-ਲਿਖੀ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਸਮੇਂ ਅਤੇ ਸਥਿਤੀ ਅਨੁਸਾਰ ਭਾਸ਼ਾ ਦੀ ਵਰਤੋਂ ਕਰਦੇ ਹਨ। ਜਿਵੇਂ ਸਰਪੰਚ ਕਰਮ ਸਿੰਘ ਆਪਣੇ ਘਰ ਵਿਚ ਗਿਆਨ ਸਿੰਘ ਨਾਲ ਨਿਮਨ ਗੱਲਬਾਤ ਕਰਦਾ ਹੈ:

“ਵਾਹ! ਇਹ ਤੁਸਾਂ ਕੀ ਆਖਿਆ? ਤਖਲੀਫ਼ ਤਾਂ ਸਗੋਂ ਸਾਡੇ ਬਦਲੇ ਝੱਲ ਰਹੇ ਓ। ਆਪਾਂ ਹੋਰ ਘੈਂਟੇ ਕੁ ਨੂੰ ਚਲਦੇ ਆਂ।"[18]

ਕਰਮ ਸਿੰਘ ਪੰਜਾਬੀ ਭਾਸ਼ਾ ਦੇ ਸ਼ੁੱਧ ਸ਼ਬਦ ਘੰਟੇ ਦੀ ਥਾਂ ਅਸ਼ੁੱਧ ਸ਼ਬਦ 'ਘੈਂਟੇ' ਦੀ ਵਰਤੋਂ ਕਰਦਾ ਹੇ। ਇਸੇ ਪ੍ਰਕਾਰ ਬੀ.ਡੀ.ਓ ਕੁਲਵੰਤ ਸਿੰਘ ਗਿੱਲ ਵਲੋਂ ਦਫ਼ਤਰ ਵਿਚ ਉਚਾਰੇ ਗਏ ਨਿਮਨ ਵਾਕ ਨੂੰ ਵਾਚਿਆ ਜਾ ਸਕਦਾ ਹੈ, ਜਿਸ ਵਿਚ ਇਹ ਪਾਤਰ ਸ਼ੁੱਧ ਸ਼ਬਦ 'ਸਾਹਿਬ' ਦੀ ਵਰਤੋਂ ਕਰਦਾ ਹੈ:

"ਸਰਦਾਰ ਸਾਹਿਬ! ਇਸ ਕੰਮ ਵਿਚ ਸਹਾਇਤਾ ਕਰਨਾ ਮੇਰਾ ਫਰਜ਼ ਹੇ। ਜਿਸ ਵੇਲੇ ਤੁਸੀਂ ਹੁਕਮ ਭੇਜੋਗੇ, ਮਦਦ ਵਾਸਤੇ ਮੈਂ ਆਪ ਹਾਜ਼ਰ ਹੋ ਜਾਵਾਂਗਾ।"[19]

ਇਸ ਪ੍ਰਕਾਰ ਇਹ ਪਾਤਰ ਭਾਸ਼ਾਈ ਰਜਿਸਟਰ ਦੀ ਵਰਤੋਂ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਨਾਵਲ ਵਿਚ ਦੋਹਾਂ ਸ਼੍ਰੇਣੀਆਂ ਦੀ ਸ਼ੁੱਧ ਜਾਂ ਅਸ਼ੁੱਧ ਸ਼ਬਦਾਵਲੀ ਵਿਚ ਹੀ ਵੱਖਰਤਾ ਨਹੀਂ ਮਿਲਦੀ, ਸਗੋਂ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਚ ਵੀ ਅੰਤਰ ਵਿਖਾਈ ਦਿੰਦਾ ਹੈ। ਜੀਤੋ 15 ਸਾਲ ਦੀ ਅਨਪੜ੍ਹ ਪਾਤਰ ਹੈ। ਉਸ ਦਾ ਭਰਾ (10 ਸਾਲ) ਪੜ੍ਹੀ-ਲਿਖੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੈ। ਦੋਹਾਂ ਪਾਤਰਾਂ ਦਾ ਭਾਸ਼ਾਈ ਵਰਤਾਰਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਾ

ਹੈ:

"ਜੀਤੋ : ਮਾਂ! ਇਹਨੂੰ ਤਾਂ ਵਾਦੀ ਐ ਛਕੈਤਾਂ ਲਾਉਣ ਦੀ। ਆ ਲੈਣ ਦਿਹ ਅੱਜ ਇਹਦੀ ਭੈਣ ਜੀ ਨੂੰ। ਮੈਂ ਵੀ ਇਹਦੀਆਂ ਛਕੈਤਾਂ ਲਾਵਾਂਗੀ।

ਹਰਨਾਮ ਸਿੰਘ : ਕੀ ਸ਼ਕੈਤਾਂ ਲਾਵੇਂਗੀ? ਤੈਨੂੰ ਅਨਪੜ੍ਹ ਨੂੰ ਤਾਂ ਗੱਲ ਕਰਨੀ ਵੀ ਨਹੀਂ ਆਉਣੀ।

ਜੀਤੋ : ਬੱਲੇ ਵੇ , ਪੜਿਆ-ਲਿਖਿਆ ਮੁੰਡਿਆ। ਤੂੰ ਤਾਂ ਬੜਾ ਸਿਆਣਾ ਏ।

ਹਰਨਾਮ ਸਿੰਘ: ਨਹੀਂ ਹੋਰ ਤੇ! ਸਾਡੇ ਭੈਣ ਜੀ ਆਂਹਦੇ ਸੀ, ਅਨਪੜ੍ਹ ਬੰਦਾ ਡੰਗਰਾਂ ਵਰਗਾ ਹੁੰਦਾ ਏ। ਨਾ ਪੜ੍ਹੇਗੀ ਤਾਂ ਤੈਨੂੰ ਵੀ ਅਗਲੇ ਡੰਗਰ ਈ ਆਖਣਗੇ।"[20]

ਗਿਆਨ ਸਿੰਘ ਅਤੇ ਪ੍ਰਕਾਸ਼ ਪਿੰਡ ਵਿਚ ਵਿੱਦਿਅਕ ਸਹੂਲਤ ਮੁਹੱਈਆ ਕਰ ਕੇ ਪੇਂਡੂ ਪਾਤਰਾਂ ਦੀ ਅਨਪੜ੍ਹਤਾ ਨੂੰ ਦੂਰ ਕਰਦੇ ਹਨ। ਜਿਸ ਕਰਕੇ 15 ਸਾਲ ਦੀ ਪਾਤਰ ਜੀਤੋ ਤੋਂ ਲੈ ਕੇ 70 ਸਾਲ ਤੱਕ ਦੀਆਂ ਬੇਬੇ ਈਸਰੀ ਵਰਗੀਆਂ ਪਾਤਰਾਂ ਸਿੱਖਿਆ ਪ੍ਰਾਪਤ ਕਰਕੇ ਸਮਾਜਿਕ ਪ੍ਰਤਿਸ਼ਠਾ ਪ੍ਰਾਪਤ ਕਰਦੀਆਂ ਹਨ। ਜਦੋਂ ਪ੍ਰਕਾਸ਼ ਪਿੰਡ ਦੀਆਂ ਅਨਪੜ੍ਹ ਔਰਤਾਂ ਨੂੰ ਪੜ੍ਹਾਉਣਾ ਸ਼ੁਰੂ ਕਰਦੀ ਹੈ ਤਾਂ ਇਹਨਾਂ ਔਰਤਾਂ ਨੂੰ ਸ਼ੁਰੂਆਤ ਵਿਚ ਅੱਖਰਕ੍ਰਮ ਅਤੇ ਲਗਾ ਮਾਤਰਾਂ ਨੂੰ ਸਮਝਣ ਵਿਚ ਮੁਸ਼ਕਿਲ ਆਉਂਦੀ ਹੈ। ਬੇਬੇ ਈਸਰੀ ਜਮਾਤ ਵਿਚ ਆਪਣੀ ਕਾਪੀ ਤੇ ਹੱਥ ਮਾਰ ਤੇ ਕਹਿੰਦੀ ਹੈ:

“ਨੀ ਮੈਂ ਕੀ ਕਰਾਂ। ਮੈਨੂੰ ਤਾਂ ਆਹ ਤੇਰੀ ਈੜੀ ਆੜੀ ਭੁੱਲ ਜਾਂਦੀ ਊ।”[21]

ਇਸੇ ਪ੍ਰਕਾਰ ਹਰਬੰਸ ਕੌਰ ਬੰਤੀ ਵੱਲ ਇਸ਼ਾਰਾ ਕਰ ਕੇ ਕਹਿੰਦੀ ਹੈ:

“ਗੱਲ ਸੱਚੀ ਏ, ਭੈਣ ਜੀ! ਸਾਨੂੰ ਆਹ ਸਿਹਾਰੀਆਂ ਬਿਹਾਰੀਆਂ ਅਜੇ ਭੁੱਲ ਜਾਂਦੀਆਂ ਜੇ। ਬੰਤੀ ਕੱਲ੍ਹ ਐੜੇ ਨੂੰ ਸਿਹਾਰੀ ਲਾਈ ਜਾਂਦੀ ਸੀ।”[22]

ਇਸ ਪ੍ਰਕਾਰ ਨਾਵਲ ਵਿਚ ਅਨਪੜ੍ਹ ਸ਼੍ਰੇਣੀ ਅਤੇ ਪੜ੍ਹੀ-ਲਿਖੀ ਸ਼੍ਰੇਣੀ ਵਿਚ ਭਾਸ਼ਾਈ ਉਚਾਰਨ ਦੇ ਅੰਤਰਗਤ ਸਮਾਜ ਭਾਸ਼ਾਈ ਵਖਰੇਵੇਂ ਸਪੱਸ਼ਟ ਵਿਖਾਈ ਦਿੰਦੇ ਹਨ।

**ਜਾਤੀ ਅਧਾਰਿਤ ਭਾਸ਼ਾਈ ਵਖਰੇਵੇਂ**

ਹਰੇਕ ਸਮਾਜ ਵਿਚ ਵਿਭਿੰਨ ਜਾਤੀਆਂ ਦੇ ਲੋਕ ਰਹਿੰਦੇ ਹਨ। ਉਹਨਾਂ ਦੇ ਭਾਸ਼ਾਈ ਉਚਾਰਨ ਵਿਚ ਜਾਤੀ ਨਾਲ ਸੰਬੰਧਿਤ ਗੁਣ ਸ਼ਾਮਿਲ ਹੁੰਦੇ ਹਨ। ਉਹ ਆਪਣੀ ਜਾਤੀ ਨਾਲ ਸੰਬੰਧਿਤ ਭਾਸ਼ਾ ਦੇ ਕਿਸੇ ਨਾ ਕਿਸੇ ਰੂਪ ਦਾ

ਪ੍ਰਯੋਗ ਕਰਦੇ ਹਨ। ਭਾਵੇਂ ਉਹਨਾਂ ਦੀ ਗੱਲਬਾਤ ਇੰਨੀ ਭਿੰਨ ਨਾ ਹੋਵੇ ਪਰ ਫਿਰ ਵੀ ਉਹਨਾਂ ਦੀ ਸ਼ਬਦਾਵਲੀ ਉੱਪਰ ਜਾਤੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਡਾ. ਜੀ.ਐਸ. ਭਟਨਾਗਰ ਅਨੁਸਾਰ "ਜਾਤੀ ਸਮਾਜਿਕ ਦਰਜਿਆਂ ਦੇ ਸਤੀਕਰਨ ਦੀ ਇਕ ਅਜਿਹੀ ਵਿਵਸਥਾ ਹੈ ਜੋ ਵਿਅਕਤੀ ਦਾ ਕਿੱਤਾ, ਰਹਿਣ-ਸਹਿਣ ਅਤੇ ਜੀਵਨ ਸਾਥੀ ਲੱਭਣ ਲਈ ਵਿਵਹਾਰਕ ਸਮੂਹ ਨਿਰਧਾਰਿਤ ਕਰਦਾ ਹੈ।"[23]

ਨਾਵਲ ਵਿਚ ਉੱਚੀ ਜਾਤੀ ਅਤੇ ਨਿਮਨ ਜਾਤੀ ਦੇ ਪਾਤਰ ਪੇਸ਼ ਹੋਏ ਗਏ ਹਨ। ਪਿੰਡ ਵਿਚ ਜੱਟ ਭਾਈਚਾਰੇ ਨਾਲ ਸੰਬੰਧਿਤ ਵਧੇਰੇ ਪਾਤਰ ਜੱਟ ਹੋਣ ਉੱਤੇ ਮਾਣ ਮਹਿਸੂਸ ਕਰਦੇ ਹਨ। ਜਦੋਂ ਪ੍ਰਕਾਸ਼ ਪਿੰਡ ਦੀਆਂ ਔਰਤਾਂ ਨੂੰ ਕੱਪੜਾ ਉਣਨ ਦਾ ਕੰਮ ਸਿਖਾਉਂਦੀ ਹੈ ਤਾਂ ਜੱਟ ਜਾਤੀ ਨਾਲ ਸੰਬੰਧਿਤ ਪਾਤਰਾਂ ਨੂੰ ਡਰ ਹੁੰਦਾ ਹੈ ਕਿ ਇਹ ਕਿੱਤਾ ਕਿਧਰੇ ਉਹਨਾਂ ਦੀ ਪਛਾਣ ਹੀ ਖਤਮ ਨਾ ਕਰ ਦੇਵੇ। ਬਸੰਤ ਕੌਰ ਅਤੇ ਪ੍ਰਕਾਸ਼ ਦਾ ਭਾਸ਼ਾਈ ਵਟਾਂਦਰਾ ਜਾਤ ਅਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਰੂਪਮਾਨ ਕਰਦਾ ਹੈ:

| | |
|---|---|
| ਬਸੰਤ ਕੌਰ : | ਭੈਣ ਜੀ? ਦੀਂਹਦੀ ਏ ਪਈ, ਤੁਸਾਂ ਸਾਨੂੰ ਜੱਟੀਆਂ ਤੋਂ ਜੁਲਾਹੀਆਂ ਬਣਾ ਕੇ ਛੱਡਣਾ ਏ।" |
| ਪ੍ਰਕਾਸ਼ : | ਵਹਿਮ ਨਾ ਕਰੋ। ਤੁਹਾਡੀ ਜਾਤ ਨਹੀਂ ਬਦਲਦੀ। ਕੀ ਸ. ਬਲਦੇਵ ਸਿੰਘ ਲੋਹੇ ਦਾ ਕਾਰਖਾਨਾ ਲਾ ਕੇ ਲੁਹਾਰ ਬਣ ਗਿਆ ਏ? ਨਾਲੇ ਕਿੱਤਾ ਕੋਈ ਵੀ ਮਾੜਾ ਨਹੀਂ, ਜਿਸ ਵਿਚੋਂ ਰੱਜਵੀਂ ਰੋਟੀ ਮਿਲ ਸਕੇ।[24] |

ਕੱਪੜਾ ਉਣਨ ਦਾ ਕਿੱਤਾ ਜੁਲਾਹਾ (ਨਿਮਨ ਜਤੀ) ਜਾਤੀ ਨਾਲ ਸੰਬੰਧਿਤ ਹੋਣ ਕਾਰਨ ਉੱਚੀ ਜਾਤੀ ਦੇ ਲੋਕ ਇਸ ਕੰਮ ਵਿਚ ਹੇਠੀ ਸਮਝਦੇ ਹਨ। ਇਸ ਲਈ ਬਸੰਤ ਕੌਰ ਨੂੰ ਵੀ ਡਰ ਹੈ ਕਿ ਲੋਕ ਉਸ ਨੂੰ ਜੱਟੀ ਤੋਂ ਜੁਲਾਹੀ ਨਾ ਆਖਣ ਲੱਗ ਜਾਣ। ਜੱਟ ਕੌਮ ਆਪਣੇ ਪਰੰਪਰਾਗਤ ਕਿੱਤੇ ਖੇਤੀਬਾੜੀ ਵਿਚ ਤਾਂ ਮਾਣ ਮਹਿਸੂਸ ਕਰਦੀ ਹੈ ਪਰ ਛੋਟੇ-ਮੋਟੇ ਸਹਾਇਕ ਕਿੱਤੇ ਅਪਣਾਉਣ ਵਿਚ ਸ਼ਰਮ ਮਹਿਸੂਸ ਕਰਦੀ ਹੈ। ਗਿਆਨ ਸਿੰਘ ਅਤੇ ਪ੍ਰਕਾਸ਼ ਦੁਆਰਾ ਪੇਂਡੂ ਲੋਕਾਂ ਨੂੰ ਜਾਗਰੂਕ ਕਰਕੇ ਇਸ ਸੋਚ ਨੂੰ ਦੂਰ ਕੀਤਾ ਜਾਂਦਾ ਹੈ।

ਰਾਮੇ ਸ਼ਾਹ ਨਿਮਨ ਜਾਤੀ ਦੇ ਪਾਤਰ ਲਾਲ ਅਤੇ ਇਸ਼ਵਰ ਲਈ ਜਾਤੀ ਸੂਚਕ ਸ਼ਬਦਾਂ 'ਮਜ਼੍ਹਬੀ' ਅਤੇ 'ਸ਼ੁਦਰ' ਦੀ ਵਰਤੋਂ ਕਰਦਾ ਹੈ। ਨਿਮਨ ਭਾਸ਼ਾਈ ਵਰਤਾਰੇ ਦੇ ਅੰਤਰਗਤ ਉਸ ਦੀ ਨਿਮਨ ਜਾਤੀ ਪ੍ਰਤੀ ਇਹ ਸੋਚ ਪ੍ਰਗਟ ਹੁੰਦੀ ਹੈ ਕਿ ਉਹ ਨਿਮਨ ਜਾਤੀ ਨੂੰ ਪੈਰ ਦੀ ਜੁੱਤੀ ਸਮਝਦਾ ਹੈ।

"ਅਜਿਹੇ ਹਿਸਾਬ ਕਿਤਾਬ ਅੱਗੇ ਬਾਣੀਆਂ ਬਿਨਾਂ ਕੌਣ ਜਾਣਦਾ ਸੀ? ਤੇ ਹੁਣ ਤਾਂ ਇਹ ਜੀਂ ਜੀਂ ਬਾਣੀਆਂ ਦੇ ਵੀ ਗੁਰੂ ਬਣੇ ਫਿਰਦੇ ਨੇ। ਓਦਣ ਲਾਲ ਮਜ਼ਬੀ ਨੂੰ ਦੋ ਰੁਪੈ ਸੂਦ ਸੁਣਾਇਆ, ਤਾਂ ਅੱਗੋਂ ਅੱਖਾਂ ਲਾਲ ਕਰਕੇ ਆਖਣ ਲੱਗਾ, ਉਹ ਕਿਹੜੇ ਕਾਨੂੰਨ ਨਾਲ? ਜਾਹੋ ਦਾਹਵਾ ਕਰ ਦਿਹੋ, ਰੁਪੈ ਸੈਂਕੜੇ ਤੋਂ ਵੱਧ ਸਰਕਾਰ ਸੂਦ ਨਹੀਂ ਪਾਉਂਦੀ ਕਿਸੇ ਸਿਰ। "ਸੁਣ ਦੇ ਦੰਦ ਜੁੜ ਗਏ ਮੇਰੇ।" ਪਰ ਇਹ ਸਾਰਾ ਦੋਸ਼ ਓਸੇ ਅਵਾਰਾਗਰਦ ਗਿਆਨ ਸਿੰਘ ਦਾ ਏ। ਉਹਨੇ ਈ ਪੜ੍ਹ-ਪੜ੍ਹ ਕੇ ਇਹ ਸਾਰੇ ਮੂੰਹ ਫੱਟ ਬਣਾ ਦਿੱਤੇ ਨੇ। ਇਹ ਲਾਲ ਵੀ ਓਹਦੇ ਕੋਲੋਂ ਪੜ੍ਹਦਾ ਏ ਨਾ ਤੇ ਈਸ਼ਵਰ ਵੀ ! ਏਨਾ ਅਨਰਥ? ਭਲਾ ਸ਼ੂਦਰਾਂ ਨੂੰ ਵਿੱਦਿਆ ਦੇਣੀ ਵੀ ਕਿਸੇ ਵੇਦ ਸ਼ਾਸਤਰ ਵਿਚ ਲਿਖੀ ਏ।"[25]

**ਲਿੰਗ ਅਧਾਰਿਤ ਭਾਸ਼ਾਈ ਵਖਰੇਵੇਂ**

ਇਸਤਰੀਆਂ ਅਤੇ ਮਰਦ ਸਮਾਜਕ ਪੱਖੋਂ ਵੱਖੋਂ-ਵੱਖਰੇ ਹੋਣ ਕਾਰਨ ਸਮਾਜ ਉਹਨਾਂ ਤੋਂ ਅੱਡੋ-ਅੱਡਰੀਆਂ ਵਿਹਾਰਕ ਤਕਨੀਕਾਂ ਅਤੇ ਜੁਗਤਾਂ ਦੀ ਮੰਗ ਕਰਦਾ ਹੈ। ਸਮਾਜਿਕ ਤੱਤਾਂ ਦੀ ਪ੍ਰਤੀਬਿੰਬਤਾ ਭਾਸ਼ਾ ਰਾਹੀਂ ਸਾਕਾਰ ਹੁੰਦੀ ਹੈ। ਸਮਾਜ ਵਿਚ ਮਰਦਾਂ ਅਤੇ ਔਰਤਾਂ ਦੇ ਭਾਸ਼ਾਈ ਵਰਤਾਰੇ ਅਤੇ ਵਿਹਾਰਿਕ ਵਤੀਰੇ ਦੁਆਰਾ ਭਾਸ਼ਾਈ ਵਖਰੇਵਾਂ ਉਜਾਗਰ ਹੁੰਦਾ ਹੈ। ਸੋਹਣ ਸਿੰਘ ਸੀਤਲ ਦੇ ਨਾਵਲ 'ਧਰਤੀ ਦੇ ਦੇਵਤੇ' ਵਿਚ ਲਿੰਗਕ ਵਖਰੇਵਿਆਂ ਨੂੰ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਨਾਵਲ ਵਿਚ ਮਾਈ ਆਸ ਕੌਰ, ਪ੍ਰਕਾਸ਼, ਜੀਤੋ, ਸ਼ਾਮ ਕੌਰ, ਜਗੀਰ ਕੌਰ ਆਦਿ 31 ਇਸਤਰੀ ਪਾਤਰਾਂ ਨੂੰ ਪੇਸ਼ ਕੀਤਾ ਗਿਆ ਹੈ। ਇਸੇ ਪ੍ਰਕਾਰ ਹਰੀ ਸਿੰਘ, ਗਿਆਨ ਸਿੰਘ, ਕੁਲਵੰਤ ਸਿੰਘ ਆਦਿ 68 ਮਰਦ ਪਾਤਰ ਪੇਸ਼ ਹੋਏ ਹਨ। ਨਾਵਲ ਦੇ ਤਕਰੀਬਨ ਪਾਤਰ ਪੇਂਡੂ ਖੇਤਰ ਨਾਲ ਸੰਬੰਧਿਤ ਹਨ। ਪੇਂਡੂ ਔਰਤਾਂ ਆਮ ਤੌਰ 'ਤੇ ਆਪਣੇ ਪਤੀ ਦਾ ਨਾਂ ਨਹੀਂ ਉਚਾਰਦੀਆਂ ਅਤੇ ਪੁਰਾਣੀ ਪੀੜ੍ਹੀ ਦੇ ਮਰਦ ਵੀ ਆਪਣੀ ਪਤਨੀ ਦਾ ਨਾਂ ਲੈਣ ਤੋਂ ਗੁਰੇਜ਼ ਕਰਦੇ ਹਨ:

ਆਸ ਕੌਰ : "ਨਾਮੇ ਦਾ ਬਾਪੂ ਵੀ ਰਾਤੀ ਏਸ ਤਰ੍ਹਾਂ ਦਾ ਈ ਕੁਛ ਦਸਦਾ ਸੀ, ਪਰ ...।"[26]

ਹਰੀ ਸਿੰਘ : ਸਰਪੰਚ! ਓਧਰ ਵੀ ਤੇਰਾ ਈ ਏ। ਨਾਮੇ ਦੀ ਮਾਂ ਪਕਾਈ ਬੈਠੀ ਹੋਵੇਗੀ।"[27]

ਨਾਵਲ ਵਿਚ ਔਰਤਾਂ ਬੇਸ਼ੱਕ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਬਰਾਬਰ ਖੜੀਆਂ ਦਿਖਾਈ ਦਿੰਦੀਆਂ ਹਨ ਪਰ ਹਰੇਕ ਕੰਮ ਲਈ ਮਰਦ ਦੀ ਸਹਿਮਤੀ ਨੂੰ ਪਹਿਲ ਦਿੰਦੀਆਂ ਹਨ। ਪ੍ਰਕਾਸ਼ ਦੇ ਨਿਮਨ ਬੋਲ ਲਿੰਗਕ ਭਾਸ਼ਾਈ ਵਖਰੇਵਿਆਂ ਨੂੰ ਸਾਕਾਰ ਕਰਦੇ ਨਜ਼ਰ ਆਉਂਦੇ ਹਨ:

"ਜੇ ਉਹਨਾਂ ਦੇ ਮਾਲਕ ਰੁਕਾਵਟ ਨਾ ਪਾਉਣ ਤਾਂ ਉਹ ਪੜ੍ਹਨ ਵਾਸਤੇ ਵੀ ਤਿਆਰ ਹਨ ਤੇ 'ਸਹਿਕਾਰੀ ਸਭਾ'

(ਕੋ-ਆਪਰੇਟਿਵ ਸੁਸਾਇਟੀ) ਬਣਾ ਕੇ ਕੰਮ ਕਰਨ ਲਈ ਵੀ।"[28]

ਔਰਤਾਂ ਵਲੋਂ ਵਰਤਿਆ ਗਿਆ ਉਪਰੋਕਤ ਸ਼ਬਦ 'ਮਾਲਕ' ਪਤੀ ਦੀ ਪ੍ਰਤੀਨਿਧ ਕਰਦਾ ਹੈ।

ਨਾਵਲ ਵਿਚ 68 ਮਰਦ ਪਾਤਰ ਪੇਸ਼ ਹੋਏ ਹਨ। ਮਰਦ ਪਾਤਰਾਂ ਦੇ ਭਾਸ਼ਾਈ ਉਚਾਰਨ ਵਿਚ ਅਣਖੀਲਾਪਣ ਦ੍ਰਿਸ਼ਟੀਗੋਚਰ ਹੁੰਦਾ ਹੈ। ਜ਼ਰਾ ਦੇਖੋਂ:

"ਵੇਖੋ ਭਈ! ਮਰਦਾਂ ਵਾਂਗ ਜਬਾਨ ਦੇ ਬੈਠੇ ਆਂ। ਸਾਲ ਭਰ ਤਾਂ ਸਰਦਾਰ ਸੈਹਬ ਅੱਗੇ ਕੁਸਕਦੇ ਨਹੀਂ, ਭਾਵੇਂ ਮਹਾਤਮ ਛੱਡ ਕੇ ਕੁਛ ਹੋਰ ਬਣਾ ਦੇਵੇ। ਤੇ ਸਾਲ ਪਿੱਛੋਂ ਹਿਸਾਬ ਕਰਕੇ ਸੋਚਾਂਗੇ।"[29]

"ਹੋਣਗੇ ਕਿਉਂ ਨਾਂ? ਮਰਦਾਂ ਅੱਗੇ ਤਾਂ ਪਰਬਤ ਨਿਉਂ ਜਾਇਆ ਕਰਦੇ ਨੇ।"[30]

ਇਸ ਪ੍ਰਕਾਰ 'ਧਰਤੀ ਦੇ ਦੇਵਤੇ' ਨਾਵਲ ਸਾਂਝੀ ਵਾਹੀ ਦੀ ਸਕੀਮ ਦੁਆਰਾ ਨਿਮਨ ਅਤੇ ਮੱਧਵਰਗੀ ਕਿਰਸਾਨੀ ਦੀ ਹਾਲਤ ਸੁਧਾਰਨ ਨਾਲ ਸੰਬੰਧਿਤ ਹੈ। ਨਾਵਲ ਦੇ ਵਿਸ਼ੇ 'ਧਰਤੀ ਦੇ ਦੇਵਤੇ' ਤੋਂ ਭਾਵ ਹੈ, ਸਾਰੀ ਦੁਨੀਆਂ ਲਈ ਅੰਨ ਪੈਦਾ ਕਰਨ ਵਾਲਾ ਦੇਵਤਾ। ਇਥੇ ਕਿਰਸਾਨ ਨੂੰ ਇਕ ਦੇਵਤੇ ਦਾ ਰੂਪ ਦਿੱਤਾ ਗਿਆ ਹੈ। ਨਾਵਲ ਵਿਚ 109 ਪਾਤਰ ਪੇਸ਼ ਹੋਏ ਹਨ ਜੋ ਸਮਾਜਿਕ ਸਰੋਕਾਰਾਂ ਦੇ ਅੰਤਰਗਤ ਭਾਸ਼ਾਈ ਸੰਚਾਰ ਕਰਦੇ ਨਜ਼ਰ ਆਉਂਦੇ ਹਨ। ਇਹ ਪਾਤਰ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਿਰਸਾਨੀ ਸਮਾਜ ਨਾਲ ਸੰਬਧਿਤ ਹਨ। ਪਾਤਰਾਂ ਦੁਆਰਾ ਮਾਝਾ ਖੇਤਰ ਵਿਚਲੇ ਕਿਰਸਾਨੀ ਸਮਾਜ ਦਾ ਸੰਸਕ੍ਰਿਤਕ ਤੇ ਮਾਨਵੀ ਚਿਤਰਨ ਗਲਪੀ ਰੂਪ ਵਿਚ ਉਘੜਦਾ ਪ੍ਰਤੀਤ ਹੁੰਦਾ ਹੈ। ਇਹ ਸਮਾਜ ਭਾਸ਼ਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਜਾਣਕਾਰੀ ਮੰਨੀ ਜਾ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ

1 ਆਤਮ ਸਿੰਘ, ਸਮਾਜ ਭਾਸ਼ਾ ਵਿਗਿਆਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ-14.

2 ਸੋਹਣ ਸਿੰਘ ਸੀਤਲ, ਧਰਤੀ ਦੇ ਦੇਵਤੇ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1965, ਪੰਨਾ-23.

3 ਉਹੀ, ਪੰਨਾ-62.

4 ਉਹੀ, ਪੰਨਾ-95.

5 ਉਹੀ, ਪੰਨਾ-56.

6 ਉਹੀ, ਪੰਨੇ 88-89.

7 ਉਹੀ, ਪੰਨਾ-169.

8 ਪਰਮਜੀਤ ਸਿੰਘ ਸਿੱਧੂ (ਸੰਪਾ.), ਮਾਨਵ ਵਿਗਿਆਨ, ਭਾਸ਼ਾ ਵਿਗਿਆਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-49.

9 ਸੋਹਣ ਸਿੰਘ ਸੀਤਲ, ਧਰਤੀ ਦੇ ਦੇਵਤੇ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1965, ਪੰਨਾ-23.

10 ਉਹੀ, ਪੰਨਾ-37.

11 ਉਹੀ, ਪੰਨਾ-84.

12 ਉਹੀ, ਪੰਨੇ 50-51.

13 ਉਹੀ, ਪੰਨਾ-214.

14 ਉਹੀ, ਪੰਨਾ-149.

15 ਉਹੀ, ਪੰਨਾ-18.

16 ਉਹੀ, ਪੰਨਾ-96.

17 ਉਹੀ, ਪੰਨਾ-121.

18 ਉਹੀ, ਪੰਨਾ-19.

19 ਉਹੀ, ਪੰਨਾ-47.

20 ਉਹੀ, ਪੰਨਾ-51.

21 ਉਹੀ, ਪੰਨਾ-85.

22 ਉਹੀ, ਪੰਨਾ-85.

23 ਭਟਨਾਗਰ, ਜੀ.ਐਸ. ਭਾਰਤੀ ਸਮਾਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-75.

24 ਸੋਹਣ ਸਿੰਘ ਸੀਤਲ, ਧਰਤੀ ਦੇ ਦੇਵਤੇ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1965, ਪੰਨਾ-89.

25 ਉਹੀ, ਪੰਨੇ 179-180

26 ਉਹੀ, ਪੰਨਾ-38.

27 ਉਹੀ, ਪੰਨਾ-44.

28 ਉਹੀ, ਪੰਨਾ-59.

29 ਉਹੀ, ਪੰਨਾ-144.

30 ਉਹੀ, ਪੰਨਾ-197.